Weekly

# CANADA SIKH TIMES

2 - 8 November 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 44

• RELIGION • CULTURE • HERITAGE • BUSINESS

## ਸਿੱਖ ਕਾਰੋਬਾਰੀ ਸਵਰਨਜੀਤ ਸਿੰਘ ਨੌਰਵਿਚ ਸ਼ਹਿਰ ਦੇ ਮੇਅਰ ਚੁਣੇ ਗਏ



ਅਮਰੀਕਾ ਦੇ ਕਨੈਕਟੀਕਟ ਸੂਬੇ ਦੇ ਨੌਰਵਿਚ ਸ਼ਹਿਰ ਦੇ ਨਵੇਂ ਮੇਅਰ ਵਜੋਂ ਭਾਰਤੀ ਮੂਲ ਦੇ ਰੀਅਲ ਅਸਟੇਟ ਕਾਰੋਬਾਰੀ ਸਿੰਘ ਸਵਰਨਜੀਤ ਨੂੰ ਚੁਣਿਆ ਗਿਆ ਹੈ। ਉਹ ਇਸ ਸੂਬੇ ਦੇ ਪਹਿਲੇ ਸਿੱਖ ਮੇਅਰ ਬਣੇ ਹਨ। ਡੈਮੋਕ੍ਰੇਟਿਕ ਪਾਰਟੀ ਦੇ ਸਵਰਨਜੀਤ ਨੂੰ 3,978 ਵੋਟਾਂ (57.25 ਫੀਸਦੀ) ਮਿਲੀਆਂ, ਜਦੋਂ ਕਿ ਉਨ੍ਹਾਂ ਦੇ ਰਿਪਬਲਿਕਨ ਵਿਰੋਧੀ ਸਟੇਸੀ ਗੋਲਡ ਨੂੰ 2,828 ਵੋਟਾਂ (40.7 ਫੀਸਦੀ) ਮਿਲੀਆਂ। ਚੋਣ ਵੈੱਬਸਾਈਟ ਮੁਤਾਬਕ, ਸਵਰਨਜੀਤ ਦੇ ਪਰਿਵਾਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਭਾਰਤ ਤੋਂ ਪ੍ਰਵਾਸ ਕਰ ਲਿਆ ਸੀ। ਉਹ ਖੁਦ 2007 ਵਿੱਚ ਅਮਰੀਕਾ ਪਹੁੰਚੇ ਸਨ। ਉਹ ਰੀਅਲ ਅਸਟੇਟ ਦਾ ਕਾਰੋਬਾਰੀ ਹਨ ਅਤੇ ਨੌਰਵਿਚ ਵਿੱਚ ਇੱਕ ਗੈਸ ਸਟੇਸ਼ਨ ਦੇ ਮਾਲਕ ਹਨ। ਸਵਰਨਜੀਤ ਨੇ ਨੌਰਵਿਚ ਸ਼ਹਿਰ ਨੂੰ ਇੱਕ ਅਜਿਹਾ ਸ਼ਹਿਰ ਦੱਸਿਆ, ਜਿਸ ਨੇ ਉਨ੍ਹਾਂ ਦੇ ਪਰਿਵਾਰ ਨੂੰ ਖੁੱਲ੍ਹੇ ਦਿਲ ਨਾਲ ਅਪਣਾਇਆ ਹੈ। ਸਵਰਨਜੀਤ ਉਨ੍ਹਾਂ ਕਈ ਭਾਰਤੀ ਮੂਲ ਦੇ ਉਮੀਦਵਾਰਾਂ ਵਿੱਚੋਂ ਹਨ ਜਿਨ੍ਹਾਂ ਨੇ 4 ਨਵੰਬਰ ਦੀਆਂ ਚੋਣਾਂ ਵਿੱਚ ਵੱਡੀਆਂ ਜਿੱਤਾਂ ਦਰਜ ਕੀਤੀਆਂ ਹਨ। ਇਸ ਵਿੱਚ ਨਿਊਯਾਰਕ ਦੇ ਮੇਅਰ ਵਜੋਂ ਚੁਣੇ ਗਏ ਜੋਹਰਾਨ ਮਮਦਾਨੀ, ਵਰਜੀਨੀਆ ਦੇ ਲੈਫਟੀਨੈਂਟ ਗਵਰਨਰ ਗਜ਼ਾਲਾ ਹਾਸ਼ਮੀ ਅਤੇ ਨਿਊ ਜਰਸੀ ਦੀ ਸੂਬਾਈ ਅਸੈਂਬਲੀ ਲਈ ਚੁਣੇ ਗਏ ਰਵੀ ਭੱਲਾ ਵੀ ਸ਼ਾਮਲ ਹਨ

## Vinny Singh Pujji: Investing in the Next Wave of High-Growth Startups



Vinny Singh Pujji, co-founder and managing partner at Left Lane Capital, continues to make waves in the venture capital world with his focus on edtech, SMB and self-serve software, and hybrid fintech-subscription models. Before launching Left Lane, Pujji began his career in performance marketing at Ampush and later founded Altair Prep, an SAT preparation platform. In 2014, he joined Insight Partners, where he played a key role in investments in high-growth companies such as Chargebee, Copado, Calm, The Farmer's Dog, and JoyTunes. A graduate of the University of Pennsylvania, Pujji was also recognized in Forbes' prestigious 30 Under 30 list. Known for his sharp investment acumen and passion for scaling innovative startups, Pujji has positioned Left Lane Capital as a global growth equity firm committed to empowering visionary entrepreneurs driving the future of technology and digital consumer experiences.

## 2nd Federation Gatka Cup to be held in Bengaluru from 7 November



The apex national Gatka body, National Gatka Association of India (NGAI), affiliated with the World Gatka Federation (WGF), is set to host the 2nd Federation Gatka Cup 2025 at Bengaluru City University from November 7 to 9. Announcing the event, NGAI president Harjeet Singh Grewal and International Sikh Martial Art Council vice-president Sukhchain Singh Kalsani said that Gatka teams from 10 states will compete in under-19 age groups in both individual and team events of Gatka Soti and Farrie Soti. Organised under the aegis of the World Gatka Federation and Asian Gatka Federation, the tournament will run alongside the 2nd National Cultural Pythian Games, which celebrate India's rich indigenous culture and martial traditions. Grewal and Kalsani added that the event will spotlight the next generation of Gatka talent, blending discipline, skill, and spiritual courage rooted in Sikh heritage. Gold medallists from the championship will earn direct selection to represent India at the first International Pythian Cultural Games in 2026, marking another milestone in Gatka's growing global recognition.

# DESH VIDESH

## ਹੱਦ ਹੋ ਗਈ



ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ, ਸਵੈ ਪੜਚੋਲ ਕਰਨੀ ਚਾਹੀਦੀ ਹੈ ਕਿ ਅਸੀਂ ਬਾਬਾ ਨਾਨਕ ਦੇ ਦਿੱਤੇ ਉਪਦੇਸ਼ਾਂ ਮੁਤਾਬਿਕ ਗੁਰਪੁਰਬ ਮਨਾਇਆ? ਦਾਸ ਨੇ ਕਾਫੀ ਯਤਨ ਕੀਤਾ ਅਤੇ ਪ੍ਰਚਾਰ ਕੀਤਾ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਵੱਧ ਤੋਂ ਵੱਧ ਪੌਧੇ ਲਗਾ ਕੇ ਵਾਤਾਵਰਨ ਦੀ ਸੰਭਾਲ ਕੀਤੀ ਜਾਏ, ਕੋਸ਼ਿਸ਼ ਸਭ ਬੇਕਾਰ ਗਈ। ਦਿਖਾਵਾ ਹੀ ਦਿਖਾਵਾ, ਗੁਬਾਰਿਆਂ, ਲੜੀਆਂ ਅਤੇ ਫੁੱਲਾਂ ਨਾਲ ਗੁਰਦਵਾਰੇ ਸਜੇ ਹੋਏ ਸਨ। ਸਭ ਪਾਸੇ ਗੁਰਦੁਆਰਾ ਸਾਹਿਬ ਵਿਚ ਲੰਗਰ ਦੇ ਸਮੇਂ ਇਨੀ ਭੀੜ ਸੀ ਕਿ ਪੈਰ ਰੱਖਣ ਦੀ ਜਗਾ ਨਹੀਂ ਸੀ। ਰਾਗੀ ਸਿੰਘ ਵੀ ਬੜੇ ਖੁਸ਼ ਕਿਉਂਕਿ ਜੋ ਚਾਹਿਆ ਫਲ ਮਿਲਿਆ, ਪ੍ਰਬੰਧਕ ਵੀ ਭਰੀ ਗੋਲਕ ਵੇਖ ਕੇ ਖੁਸ਼ ਅਤੇ ਸੰਗਤਾਂ ਵੀ ਸਵਾਦਲੇ ਲੰਗਰ ਛੱਕ ਕੇ ਖੁਸ਼। ਕਿਉਂਕਿ ਤੁਸੀਂ ਉਸ ਦਰ ਤੇ ਸਵਾਲ ਨਹੀਂ ਕਰ ਸਕਦੇ ਤੁਹਾਡੇ ਉੱਤੇ ਪ੍ਰਸ਼ਨਾਂ ਦੀ ਬੁਛਾੜ ਲੱਗ ਜਾਵੇਗੀ ਤੇ ਤੁਸੀਂ ਇਸ ਤਰਾਂ ਕਿਉ ਕੀਤਾ?

ਹੱਦ ਮੁੱਕ ਗਈ ਜਦੋਂ ਨਗਰ ਕੀਰਤਨ ਵਿੱਚ ਅਤੇ ਗੁਰਦੁਆਰਾ ਸਾਹਿਬਾਨ ਅਤੇ ਸਿੱਖ ਪਰਿਵਾਰਾਂ ਨੇ ਆਪਣੇ ਘਰ ਅੱਗੇ ਇਤਨੇ ਬੰਬ ਪਟਾਖੇ ਵਜਾਏ ਕਿ ਵਾਤਾਵਰਣ ਗੰਧਲਾ/ ਪ੍ਰਦੂਸ਼ਿਤ ਕਰ ਕੇ ਫਿਰ ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਸ਼ਬਦ ਪੜ੍ਹ ਕੇ ਸਮਾਗਮ ਦੀ ਸਮਾਪਤੀ ਕੀਤੀ ਗਈ। ਪ੍ਰਬੰਧਕ ਇਸ ਤਰ੍ਹਾਂ ਦੀ ਅਨਾਊਂਸਮੈਂਟ/ ਬੇਨਤੀ ਕਰਨ ਵਿਚ ਫੇਲ ਨਜ਼ਰ ਆਏ ਕਿ ਪਟਾਖੇ ਵਜਾ ਕੇ ਵਾਤਾਵਰਨ ਨੂੰ ਗੰਧਲਾ ਨਾ ਕਰੋ ਜੀ! ਭਗਤ ਅੰਨੇ ਹੋਣ ਤਾਂ ਕੋਈ ਗੱਲ ਨਹੀਂ ਜੇ ਪ੍ਰਬੰਧਕ ਹੀ ਅੰਨੇ ਹੋਣ ਤਾਂ ਕੀ ਹੋਵੇਗਾ? ਮਾਫ਼ੀ ਚਾਹੁੰਦਾ ਹਾਂ ਜੇਕਰ ਕਿਸੇ ਦੀ ਭਾਵਨਾ ਨੂੰ ਸੱਟ ਵਜੀ ਹੋਵੇ। ਅੱਗੋਂ ਤੂੰ ਜਾਣੀ ਜਾਣ ਏਂ, ਤੇਰੀਆਂ ਤੂੰ ਜਾਣੇ, ਭਟਕਿਆ ਹੋਇਆਂ ਨੂੰ ਰਾਹੇ ਪਾਓ! ਕਿਰਪਾ ਕਰੋ ਸਾਰਿਆਂ ਤੇ। ਭੁੱਲ ਚੁੱਕ ਲਈ ਖਿਮਾਂ। ਸਰਬੱਤ ਦਾ ਭਲਾ।



**– ਗੋਬਿੰਦ ਸਿੰਘ ਭਾਟੀਆ**
ਸਢੌਰਾ - ਯਮੁਨਾਨਗਰ (ਹਰਿਆਣਾ), ਮੋ: 9416276357

## RED FM Calgary Radiothon Raises Funds for Children's Eye Care



CKYR 106.7 RED FM, the city's leading multicultural radio station, successfully hosted its annual Radiothon on November 5 in celebration of Gurpurab, marking the birth anniversary of Sri Guru Nanak Dev Ji. This year's fundraiser will support the Guru Nanak Dev Ji Vision Clinic at Alberta Children's Hospital by helping purchase a state-of-the-art RetCam—an advanced retinal imaging system used to diagnose and monitor premature babies at risk of blindness, as well as children with genetic disorders, injuries, or tumours. The new technology will allow specialists to detect problems earlier and protect the eyesight of hundreds of young patients each year. RED FM emphasized that 100% of the donations will go directly to the Alberta Children's Hospital Foundation. The hospital expressed deep gratitude, noting that the community's generosity represents hope for thousands of children and families who rely on specialized care.

## ਯੂਨਾਈਟਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਜਿੱਤੀ ਕੈਲਗਰੀ ਲੀਗ



ਹਾਕੀ ਖੇਡ ਮੈਦਾਨਾਂ ਵਿੱਚੋਂ ਕੈਲਗਰੀ ਦੇ ਗਰਾਊਂਡਾਂ ਵਿੱਚੋਂ ਆਈਆਂ ਖ਼ਬਰਾਂ ਅਨੁਸਾਰ ਫੀਲਡ ਹਾਕੀ ਅਲਬਰਟਾ (ਐਫ ਐਚ ਏ) ਵੱਲੋਂ ਕਰਵਾਏ ਗਏ ਦੋ ਵੱਡੇ ਮੁਕਾਬਲੇ ਯੂਨਾਈਟਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਜਿੱਤੇ ਹਨ। ਨਤੀਜਆਂ ਅਨੁਸਾਰ ਅੰਡਰ 16 ਫਾਲ ਲੀਗ ਚੈਂਪੀਅਨ —ਹਰ ਮੈਚ ਜਿੱਤ ਕੇ ਫਾਈਨਲ ਵਿਚ ਪੰਜਾਬ ਨੂੰ (ਬਾਕੀ ਪੰਨਾ 3 'ਤੇ)

# HERITAGE

## ਕੈਨੇਡਾ ਆਵਾਸ ਨੀਤੀਆਂ ਹੋਰ ਸਖ਼ਤ ਕਰਨ ਦੇ ਰੌਂਅ ’ਚ



ਕੈਨੇਡਾ ਸਰਕਾਰ ਨਵੀਆਂ ਆਵਾਸ ਨੀਤੀਆਂ ਵਿਚਲੀਆਂ ਖਾਮੀਆਂ ਦੂਰ ਕਰਨ ਲਈ ਨਵੀਆਂ ਤਜਵੀਜ਼ਾਂ ਤਹਿਤ ਕਿਸੇ ਨੂੰ ਦੇਸ਼ ਵਿੱਚ ਸੱਦੇ ਜਾਣ ਮੌਕੇ ਐਪਲੀਕੈਂਟ ਦੇ ਗਿਆਨ ਦੀ ਪਰਖ ਉੱਤੇ ਜ਼ੋਰ ਦਿੱਤਾ ਜਾਇੇਗਾ। ਆਵਾਸ ਵਿਭਾਗ ਦੇ ਤਿਆਰ ਖਰੜੇ ਵਿਚਲੀਆਂ ਬਾਰੀਕੀਆਂ ’ਤੇ ਗੌਰ ਕੀਤਾ ਜਾਏ ਤਾਂ ਪਤਾ ਲੱਗਦਾ ਹੈ ਕਿ ਵਿਭਾਗ ਨੇ ਪਿਛਲੇ ਸਾਲਾਂ ਦੀਆਂ ਗ਼ਲਤੀਆਂ ਤੋਂ ਸਬਕ ਸਿੱਖੇ ਹਨ। ਅਗਲੇ ਸਾਲਾਂ ਵਿੱਚ ਹੁਣ ਵੀਜ਼ਾ ਦੇਣ ਮੌਕੇ ਕਿਸੇ ਵੀ ਬੰਦੇ ਦੀ ਡੂੰਘਾਈ ਨਾਲ ਜਾਂਚ ਕੀਤੇ ਜਾਣ ਤੋਂ ਬਾਅਦ ਹੀ ਵੀਜ਼ਾ ਅਰਜ਼ੀਆਂ ਪ੍ਰਵਾਨ ਹੋਣਗੀਆਂ। ਤਜਵੀਜ਼ਾਂ ਅਨੁਸਾਰ ਹੁਣ ਬਿਨੈਕਾਰ ਵੱਲੋਂ ਪੇਸ਼ ਕੀਤੇ ਵਿੱਤੀ ਹਾਲਾਤ, ਵਿਦਿਅਕ ਪ੍ਰਾਪਤੀਆਂ, ਪਰਿਵਾਰਕ ਪਿਛੋਕੜ ਦੀ ਜਾਂਚ ਦੇ ਨਾਲ-ਨਾਲ ਉਸ ਦੀਆਂ ਨਿੱਜੀ ਗਤੀਵਿਧੀਆਂ ਅਤੇ ਵਿਚਾਰਾਂ ਦੀ ਘੋਖ ਲਈ ਮਸਨੂਈ ਬੌਧਿਕਤਾ ਦੀ ਮਦਦ ਲਈ ਜਾਵੇਗੀ। ਤਜਵੀਜ਼ਤ ਆਵਾਸ ਨੀਤੀਆਂ ਦਾ ਕੁਹਾੜਾ ਥੋੜ੍ਹੇ ਬਹੁਤੇ ਫ਼ਰਕ ਨਾਲ ਹਰੇਕ ਵਰਗ ਉੱਤੇ ਚੱਲੇਗਾ। ਸੰਸਦ ਵਿੱਚ ਪੇਸ਼ ਬਿੱਲ ਸੀ-12 ਰਾਹੀਂ ਆਵਾਸ ਵਿਭਾਗ ਲੱਗੇ ਹੋਏ ਵੀਜ਼ੇ ਰੱਦ ਕਰਨ ਦਾ ਅਧਿਕਾਰ ਲੈਣ ਲਈ ਯਤਨਸ਼ੀਲ ਹੈ। ਇਸ ਵਿੱਚ ਮੁੱਖ ਤੌਰ ’ਤੇ ਭਾਰਤੀ ਅਤੇ ਬੰਗਲਾਦੇਸ਼ੀ ਪ੍ਰਭਾਵਿਤ ਹੋਣਗੇ। ਵਿਭਾਗ ਕੋਲ ਪੱਕੀਆਂ ਸੂਚਨਾਵਾਂ ਹਨ ਕਿ ਲੰਮੇ ਸਮੇਂ ਦੇ ਸੈਲਾਨੀ ਵੀਜ਼ੇ ਲੈਣ ਵਾਲਿਆਂ ’ਚ ਵੱਡੀ ਗਿਣਤੀ ਉਹ ਹਨ ਜਿਨ੍ਹਾਂ ਨੇ ਜਾਅਲੀ ਦਸਤਾਵੇਜ਼ਾਂ ਰਾਹੀਂ ਵੀਜ਼ੇ ਹਾਸਲ ਕੀਤੇ ਹਨ। ਵਿਭਾਗ ਦਾ ਮੰਨਣਾ ਹੈ ਕਿ ਆਰਜ਼ੀ ਵਰਕ ਪਰਮਿਟ ਲੈ ਕੇ ਆਏ ਲੋਕਾਂ ’ਚੋਂ ਵੀ ਕਈ ਗ਼ਲਤ ਢੰਗ ਨਾਲ ਆਏ ਹਨ ਜਿਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ। 2026 ਵਿੱਚ ਸੱਦੇ ਜਾਣ ਵਾਲੇ ਵੱਖ-ਵੱਖ ਵਰਗਾਂ ਦੇ ਲੋਕਾਂ ਦੀ ਗਿਣਤੀ 5.5 ਲੱਖ ਤੋਂ ਘਟਾ ਕੇ 3,80,000 ਕੀਤੀ ਗਈ ਹੈ। ਸਟੱਡੀ ਵੀਜ਼ੇ ਉੱਤੇ ਵੀ ਵੱਡਾ ਕੱਟ ਲਗਾਇਆ ਗਿਆ ਹੈ।

## ਯੂਨਾਈਟਡ ਫੀਲਡ ਹਾਕੀ ਕਲੱਬ ਕੈਲਗਰੀ...

(ਪੰਨਾ 2 ਦੀ ਬਾਕੀ) 6-1 ਨਾਲ ਹਰਾਇਆ। ਫਾਲ ਫੈਸਟੀਵਲ ਅੰਡਰ 16 ਚੈਂਪੀਅਨ-ਯੂਨਾਇਟਡ ਟੀਮ ਸਾਰੇ ਮੈਚ ਜੇਤੂ ਰਹੀ ਤੇ ਫਾਈਨਲ ਵਿਚ ਵੀ ਬੇਮਿਸਾਲ ਪ੍ਰਦਰਸ਼ਨ ਕਰਦਿਆਂ ਪੰਜਾਬ ਨੂੰ 8-0 ਨਾਲ ਹਰਾ ਦਿੱਤਾ। ਇਸ ਸਬੰਧੀ ਗੱਲ ਕਰਦਿਆਂ ਕੋਚ ਮਨਦੀਪ ਝੱਲੀ ਨੇ ਦੱਸਿਆ ਕਿ ਇਹ ਜਿੱਤਾਂ ਸਾਡੇ ਕਲੱਬ ਦੇ 10 ਸਾਲਾਂ ਦੀ ਜੂਨੀਅਰ ਖਿਡਾਰੀ ਵਿਕਾਸ ਮਿਹਨਤ ਦਾ ਨਤੀਜਾ ਹਨ। ਸਾਨੂੰ ਮਾਣ ਹੈ ਕਿ ਸਾਡੇ ਕਲੱਬ ਦੇ ਤਿੰਨ ਖਿਡਾਰੀ ਕੈਨੇਡਾ ਦੀ ਅੰਡਰ 17 ਟੀਮ ਨਾਲ ਮਲੇਸ਼ੀਆ ਵਿੱਚ ਖੇਡਣ ਗਏ। ਇਹ ਸਾਡੇ ਕਲੱਬ ਦੀ ਸਫਲਤਾ ਦਾ ਸਬੂਤ ਹੈ! ਉਹਨਾਂ ਹੋਰ ਦੱਸਿਆ ਕਿ ਨਵੰਬਰ ਵਿਚ ਮੁਫ਼ਤ ਟ੍ਰੇਨਿੰਗ ਹੋਵੇਗੀ। ਅਸੀਂ ਹਰ ਸ਼ਨੀਵਾਰ ਨਵੰਬਰ ਮਹੀਨੇ ਦੌਰਾਨ ਕੈਲਗਰੀ ਦੇ ਜੈਨੇਸਿਸ ਸੈਂਟਰ ਵਿੱਚ ਮੁਫ਼ਤ ਟ੍ਰੇਨਿੰਗ ਸੈਸ਼ਨ ਕਰਵਾ ਰਹੇ ਹਾਂ। ਸਾਰੇ ਜੂਨੀਅਰ ਖਿਡਾਰੀਆਂ ਨੂੰ ਜੀ ਆਇਆਂ ਨੂੰ ਕਹਿੰਦੇ ਹਾਂ।

ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥

Fruitful is the coming of those, who meditate single-mindedly on Him.

*You have thrived and Succeeded in all that you have done so far, because you are a philanthropist. In these days and age where many get stuck in their mindset, seeking fortunes and power. You believe in helping others in the society. To make life better for everyone*





*JOGINDER KAUR KOHLI*
*5/4/1029 — 23/10/2025*

*Your gentle spirit and kind heart will be forever missed, dear mother. I will forever hold your many acts of love in my heart. I will miss you every second of my life, Mom" you left for Heavenly Abode – Rest in peace.*

*BHUPINDER SINGH KOHLI*

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **According to Guru Tegh Bahadur Ji, what should a wise person do when faced with happiness and sorrow?**
   a) Rejoice in happiness and grieve in sorrow
   b) Stay balanced in both situations
   c) Avoid both happiness and sorrow completely
   d) Seek worldly pleasures to overcome sorrow
2. **What does Guru Tegh Bahadur Ji compare the human body to in his saloks?**
   a) A temple  b) A clay pot
   c) A bubble in water  d) A palace
3. **What does Guru Tegh Ji advise to renounce in order to attain peace?**
   a) Food and family  b) Desire and attachment
   c) Wealth and honor  d) Society and responsibility
4. **Guru Tegh Bahadur Ji compares the human mind attached to worldly things with which image?**
   a) A bee around flowers  b) A picture drawn on a wall
   c) A lamp in the wind  d) A wave in the ocean

(ਦੇਖੋ ਉੱਤਰ ਪੰਨਾ 4 ’ਤੇ)

# Between Reality and Reflection
# The Emotional Worlds of Gulmohar on Fire

**- Dr. Devindwer Pal Singh**




Mohinder Bhatnagar's Gulmohar on Fire and Other Stories is a tender, insightful anthology that transforms the simplicity of daily life into profound reflections on the human condition. Through thirteen stories, Bhatnagar explores love, loneliness, compassion, morality, and redemption in the quiet spaces of Indian middle-class existence: homes, schools, offices, and city balconies. The tone of the book, set by Prof. D. N. Jauhar's reflective Foreword and Anju Arora's Preface, reveals Bhatnagar as a writer who draws deeply from lived experience rather than invention, turning ordinary events into mirrors of emotional truth. The stories stand out for their understated realism and moral depth. "Heavens Don't Fall" captures the pain of unfulfilled love with remarkable restraint, while "After the Break" turns a teacher's misunderstanding into a meditation on mortality and empathy. The title story, "Gulmohar on Fire," explores aging, betrayal, and forgiveness through the symbolism of crimson blossoms: metaphor for enduring affection amid decay. "Doggy Tales" blends humour and nostalgia, while "Sanju's Kite" uses a child's innocence to explore loss and transcendence.

In "Norish Bhai," set in 1960s Bombay, Bhatnagar humanizes a drunkard as a symbol of selfless goodness, and in "My Obituary," he delivers sharp existential humour about vanity and death. "The Angels" and "The Whirlwind" confront communal violence with compassion and faith in human goodness, reminiscent of Manto's humanity but gentler in tone. "The Smoke Screen" exposes moral hypocrisy beneath friendship, while "Meet the New PM" humorously critiques ambition and bureaucratic absurdity. "The Taming of God" explores redemption through spiritual awakening, and "The Punishment" offers a moving portrait of repentance and grace in a strict teacher's transformation.

Bhatnagar's prose is lucid, elegant, and emotionally resonant, marked by Indian rhythm and philosophical undertones. His use of literary quotations and moral irony infuses each story with layered meaning. The publication, by Saptrishi, complements his reflective style through clean design and visual appeal.

Ultimately, Gulmohar on Fire and Other Stories is a symphony of subtle emotions: graceful, compassionate, and enduring. It affirms Mohinder Bhatnagar's place among contemporary Indian storytellers who find profundity in the ordinary and beauty in life's quiet truths. It is a collection to be savoured, not rushed, lingering long after its final page. ◆◆

## SIKH MATRIMONIALS

Looking for a Gursikh boy for Khatri girl F-91--5-3" working in NYPD as Attorney. Well qualified and settled gursikh boy from USA or Canada preferred +91 8750888333

Suitable match for M- 91-5-7" Gursikh Khatri boy,well qualified and working in London (Facebook) V High Package +91 8860484847

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

Sikh boy required for UK based girl, 26 years, 5 feet 3 inches, working as Psychologist in UK hospital, Masters in clinical Psychology. On work permit, contact 9971863565.

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. C 3. B 4. B

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555